بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.12.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਦਸੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَاِیَّاکَ نَسۡتَعِیۡنُ۔
اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਉਹਦ ਦੀ ਜੰਗ ਸਮੇਂ ਜੱਦ ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅਲੱਾਹ ਅਨਹੁ ਸ਼ਹੀਦ ਹੋਏ ਤਾਂ ਰਸੂਲੁਲੱਾਹ ਸਲਲੱਾਹੁ ਨੇ ਝੰਡਾ ਅਲੀ ਰਜ਼ੀ ਅਲੱਾਹ ਅਨਹੁ ਦੇ ਸੁਪੁਰਦ ਕੀਤਾ, ਸੋ, ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਅਤੇ ਬਾਕੀ ਹੋਰਨਾ ਮੁਸਲਮਾਨਾ ਨੇ ਲੜਾਈ ਕੀਤੀ ।

ਇਕ ਰਿਵਾਇਤ ਵਿੱਚ ਆਉਦਾ ਹੈ ਕਿ ਉਹਦ ਦੀ ਜੰਗ ਸਮੇਂ ਮੁਸ਼ਰਿਕਾਂ ਦੇ ਝੰਡਾ ਬਰਦਾਰ ਤਲਹਾ ਬਿਨ ਅਬੂ ਤਲਹਾ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਲਲਕਾਰਿਆ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਅੱਗੇ ਵਧੱਕੇ ਅਜਿਹਾ ਵਾਰ ਕੀਤਾ ਕਿ ਉਹ ਧਰਤੀ'ਤੇ ਢੇਰ ਹੋਕੇ ਤੜਪਨ ਲਗੱਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਇਕ ਮਗਰੋਂ ਕਈ ਕੁਫ਼ਾਰਾਂ ਦੇ ਝੰਡਾ ਬਰਦਾਰਾਂ ਨੂੰ ਤਹਿ ਤੇਗ਼ ਕੀਤਾ ਅਤੇ ਉਹਨਾ ਨੂੰ ਖਦੇੜ ਦਿਤੱਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਸ਼ਅਬਾ ਬਿਨ ਮਾਲਕ ਨੂੰ ਮਾਰ ਮੁਕਾਇਆ ਤਾਂ ਹਜ਼ਰਤ ਜਿਬਰਈਲ ਨੇ ਕਿਹਾ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਿਸ਼ਚੇ ਹੀ ਅਲੀ ਪ੍ਰਸ਼ੰਸਾ ਯੋਗ ਹੈ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹਾਂ ਅਲੀ ਮੈਥੋਂ ਹੈ ਅਤੇ ਮੈਂ ਅਲੀ ਤੋਂ ਹਾਂ, ਤਾਂ ਜਿਬਰਈਲ ਨੇ ਕਿਹਾ ਕਿ ਮੈਂ ਦੋਹਾਂ'ਚੋਂ ਹਾਂ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਉਹਦ ਦੀ ਜੰਗ ਵਿੱਚ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲੋਂ ਲੋਕ ਹੱਟ ਗਏ ਤਾਂ ਮੈਂ ਸ਼ਹੀਦਾਂ ਦੀਆਂ ਲੋਥਾਂ ਵਿੱਚ ਦੇਖਣਾ ਸ਼ੁਰੂ ਕੀਤਾ ਤਾਂ ਉਹਨਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਨ ਦੇਖਿਆ ਤਾਂ ਮੈਂ ਕਿਹਾ ਰੱਬ ਦੀ ਸਹੁੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨ ਭਜੱਣ ਵਾਲੇ ਸਨ ਅਤੇ ਨ ਹੀ ਮੈਂ ਆਪਨੂੰ ਸ਼ਹੀਦਾ ਵਿੱਚ ਦੇਖਿਆ ਹੈ । ਪਰ ਅਲੱਾਹ ਸਾਡੇ ਕੋਲੋਂ ਨਰਾਜ਼ ਹੋਇਆ ਅਤੇ ਉਸ ਨੇ ਆਪਣੇ ਨਬੀ ਨੂੰ ਚੁੱਕ ਲਿਆ । ਸੋ, ਹੁਣ ਮੇਰੇ ਲਈ ਭਲਾਈ ਇਹੋ ਹੈ ਕਿ ਮੈਂ ਲੜਾਂ ਇੱਥੋਂ ਤੱਕ ਕਿ ਮੈਂ ਮਾਰਿਆ ਜਾਵਾਂ । ਫਿਰ ਮੈਂ ਆਪਣੀ ਤਲਵਾਰ ਦੀ ਮਿਆਨ ਤੋੜ ਦਿੱਤੀ ਅਤੇ ਕੁਫ਼ੱਰਾਂ

ਉਪੱਰ ਹਮਲਾ ਕੀਤਾ ਉਹ ਇਧੱਰ ਉਧੱਰ ਖਿੰਡ ਪੁੰਡ ਗਏ ਤਾਂ ਕੀ ਦੇਖਦਾ ਹਾਂ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਉਹਨਾ ਵਿੱਚ ਜੀਉਂਦੇ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਇਸ਼ਕ ਤੇ ਵਫ਼ਾਦਾਰੀ ਦੀ ਉਹ ਦਾਸਤਾਂ ਹੈ ਜੋ ਬਚਪੁਨੇ ਦੇ ਪ੍ਰਣ ਤੋਂ ਅਰੰਭ ਹੋਈ ਅਤੇ ਹਰ ਮੌਕੇ'ਤੇ ਆਪਣਾ ਜਲਵਾ ਦਿਖਾਉਂਦੀ ਰਹੀ । ਹਜ਼ਰਤ ਸਹਲ ਬਿਨ ਸਅਦ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਉਹਦ ਦੀ ਜੰਗ ਸਮੇਂ ਜੋ ਜ਼ਖ਼ਮ ਲੱਗੇ ਸਨ, ਓਹਨਾਂ ਜ਼ਖ਼ਮਾ ਨੂੰ ਹਜ਼ਰਤ ਫ਼ਾਤਿਮਾ ਰਜ਼ੀ ਅਲੱਾਹ ਅਨਹਾ ਧੋ ਰਹੀ ਸਨ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਆਪਣੀ ਢਾਲ ਵਿੱਚੋਂ ਪਾਣੀ ਪਾ ਰਹੇ ਸਨ ।

ਖ਼ੰਦਕ ਦੀ ਜੰਗ ਮੌਕੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਬਹਾਦੁਰੀ ਦੀ ਘਟਨਾ ਬਿਆਨ ਕਰਦਿਆਂ ਹੋਇਆਂ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਐਮ.ਏ. ਰਜ਼ੀ ਅਲੱਾਹ ਅਨਹੁ ਲਿਖੱਦੇ ਹਨ ਕਿ ਉਮਰੋ ਇਕ ਅਤਿਅੰਤ ਨਾਮਨਾਮੀ ਸ਼ਮਸ਼ੀਰਜ਼ਨ ਅਤੇ ਆਪਣੀ ਬਹਾਦੁਰੀ ਕਰਕੇ ਇਕੱਲਿਆਂ ਹੀ ਇਕ ਹਜ਼ਾਰ ਸਿਪਾਹੀ ਦੇ ਬਰਾਬਰ ਸਮਝਿਆ ਜਾਂਦਾ ਸੀ । ਉਸ ਨੇ ਮੈਦਾਨ ਵਿੱਚ ਆਉਂਦਿਆਂ ਹੀ ਅਤਿਅੰਤ ਹੰਕਾਰੀ ਰੂਪ ਵਿੱਚ ਟਾਕਰੇ ਦੀ ਮੰਗ ਕੀਤੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਆਗਿਆ ਨਾਲ ਹਜ਼ਰਤ ਅਲੀ ਇਸ ਦੇ ਟਾਕਰੇ ਲਈ ਨਿਕਲੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੀ ਤਲਵਾਰ ਇਹਨਾ ਨੂੰ ਪ੍ਰਦਾਨ ਕੀਤੀ ਅਤੇ ਇਹਨਾ ਲਈ ਦੁਆ ਕੀਤੀ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਅੱਗੇ ਵਧੱਕੇ ਉਮਰੋ ਨੂੰ ਕਿਹਾ, ਮੈਂ ਸੁਣਿਆ ਹੈ ਕਿ ਤੁਸੀਂ ਇਹ ਪ੍ਰਣ ਕੀਤਾ ਹੋਇਆ ਹੈ ਕਿ ਜੇਕਰ ਕੁਰੈਸ਼ਾਂ ਵਿੱਚ ਕੋਈ ਵਿਅਕਤੀ ਤੁਹਾਡੇ ਕੋਲੋਂ ਦੋ ਗਲੱਾਂ ਦੀ ਬਿਨਤੀ ਕਰੇਗਾ ਤਾਂ ਤੁਸੀਂ ਦੋਹਾਂ ਵਿੱਚੋਂ ਇਕ ਗੱਲ ਜ਼ਰੂਰ ਮੰਨ ਲਓਗੇ । ਉਮਰੋ ਨੇ ਕਿਹਾ, ਹਾਂ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਕਿਹਾ, ਫਿਰ ਮੈਂ ਪਹਿਲੀ ਗੱਲ ਤੁਹਾਨੂੰ ਇਹ ਆਖਣਾ ਚਾਹੁੰਦਾ ਹਾਂ ਕਿ ਮੁਸਲਮਾਨ ਹੋ ਜਾਓ ਅਤੇ ਆਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਮੰਨਕੇ ਰੱਬ ਦੇ ਉਪਹਰਾਂ ਦੇ ਵਾਰਸ ਬਣੋ । ਉਮਰੋ ਨੇ ਕਿਹਾ ਇਹ ਨਹੀਂ ਹੋ ਸਕਦਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਕਿਹਾ ਕਿ ਜੇਕਰ ਇਹ ਗੱਲ ਸਵੀਕਾਰ ਨਹੀਂ ਹੈ ਤਾਂ ਫਿਰ ਆਓ ਮੇਰੇ ਨਾਲ ਲੜਨ ਲਈ ਤਿਆਰ ਹੋ ਜਾਓ । ਇਸ'ਤੇ ਉਮਰੋ ਹਸੱਣ ਲਗੱਾ ਅਤੇ ਕਹਿਣ ਲਗੱਾ ਮੈਂ ਨਹੀਂ ਸਮਝਦਾ ਸੀ ਕਿ ਕੋਈ ਵਿਅਕਤੀ ਮੈਂਨੂੰ ਇਹ ਸ਼ਬਦ ਕਹਿ ਸਕਦਾ ਹੈ । ਫਿਰ ਉਸਨੇ ਕਿਹਾ ਕਿ ਤੁਸੀਂ ਅਜੇ ਬੱਚੇ ਹੋ, ਮੈਂ ਤੁਹਾਡਾ ਰਕਤ ਨਹੀਂ ਵਹਾਉਂਣਾ ਚਾਹੁੰਦਾ ਆਪਣੇ ਵਡੇਰਿਆਂ ਵਿੱਚੋਂ ਕਿਸੇ ਨੂੰ ਭੇਜੋ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਉਤੱਰ ਵਿੱਚ ਕਿਹਾ ਕਿ ਤੁਸੀਂ ਮੇਰਾ ਰਕਤ ਨਹੀਂ ਵਹਾਉਂਣਾ ਚਾਹੁੰਦੇ ਪਰ ਮੈਂਨੂੰ ਤੁਹਾਡਾ ਰਕਤ ਵਹਾਉਣ ਵਿੱਚ ਰਤਾ ਵੀ ਸੰਦੇਹ ਨਹੀਂ ਹੈ । ਇਸ'ਤੇ ਉਮਰੋ ਜੋਸ਼ ਵਿੱਚ ਅੰਨ੍ਹਾ ਹੋਕੇ ਆਪਣੇ ਘੋੜੇ ਤੋਂ ਹੇਠਾਂ ਛਾਲ ਮਾਰਕੇ ਇਕ ਅੱਗ ਦੇ ਅੰਗਿਆਰੇ ਵਾਂਗ ਸ਼ੁਦਾਈਆਂ ਵਾਂਗ ਹਜ਼ਰਤ ਅਲੀ ਵੱਲ ਵੱਧਿਆ ਅਤੇ ਐਨ੍ਹੇ ਜ਼ੋਰ ਨਾਲ ਹਜ਼ਰਤ ਅਲੀ'ਤੇ ਤਲਵਾਰ ਚਲਾਈ ਕਿ ਉਹ ਉਹਨਾ ਦੀ ਢਾਲ ਨੂੰ ਚੀਰਦਿਆਂ ਹੋਇਆਂ ਉਹਨਾ ਦੇ ਮੱਥੇ'ਤੇ ਜਾ ਵੱਜੀ ਅਤੇ ਉਸਨੂੰ ਵੀ ਜ਼ਖ਼ਮੀ ਕਰ ਦਿਤੱਾ ਪਰ ਇਸਦੇ ਨਾਲ ਹੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਅਲੱਾਹੁ ਅਕਬਰ ਦਾ ਨਾਰਾ ਮਾਰਦਿਆਂ ਹੋਇਆਂ ਅਜਿਹਾ ਵਾਰ ਕੀਤਾ ਕਿ ਉਹ ਆਪਣੇ ਆਪ ਨੂੰ ਬਚਾਉਂਦਾ ਰਹਿ ਗਿਆ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਤਲਵਾਰ ਮੋਢਿਆਂ ਨੂੰ ਚੀਰਦੀ ਹੋਈ ਹੇਠਾਂ ਉਤਰ ਗਈ ਅਤੇ ਉਮਰੋ ਤੜਪਦਾ ਹੋਇਆ ਢਹਿ ਢੇਰੀ ਹੋ ਗਿਆ ਅਤੇ ਪ੍ਰਾਣ ਜਾਂਦੇ ਰਹੇ ।

ਸੁਲਾਹ ਹੁਦੈਬੀਆ ਦੇ ਮੌਕੇ'ਤੇ ਹਜ਼ਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਸੰਧੀਨਾਮਾ ਲਿਖੱਣ ਲਈ ਨਿਯੁਕਤ ਕੀਤਾ ਗਿਆ । ਇਹਨਾ ਨੇ ਲਿੱਖਿਆ ਕਿ ਇਹ ਸੰਧੀ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤੇ ਉਹਨਾ ਦੇ ਸਾਥੀਆਂ ਅਤੇ ਮੱਕੇ ਵਾਲਿਆਂ ਵਿੱਚਕਾਰ ਹੈ । ਇਸ'ਤੇ ਕੁਫ਼ੱਾਰ ਭੜਕ ਉੱਠੇ ਉਹਨਾ ਨੇ ਕਿਹਾ ਕਿ ਅਸੀਂ ਇਹਨਾਂ ਸ਼ਬਦਾਂ ਨੂੰ ਨਹੀਂ ਝੱਲ ਸਕਦੇ ਕਿਉਂਕਿ ਅਸੀਂ ਮੁਹਮੱਦ ਨੂੰ ਰਸੂਲੁਲੱਾਹ ਨਹੀਂ ਮੰਨ੍ਹਦੇ, ਜੇਕਰ ਮੰਨ੍ਹਦੇ ਹੁੰਦੇ ਤਾਂ ਇਹਨਾ ਨਾਲ ਲੜਾਈ ਕਿਸ ਗੱਲ ਦੀ ਹੁੰਦੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਇਹ ਲੋਕ ਠੀਕ ਕਹਿੰਦੇ ਹਨ ਸੰਧੀਨਾਮੇ ਵਿੱਚੋਂ ਰਸੂਲੁਲੱਾਹ ਸਲਲੱਾਹੁ ਦਾ ਸ਼ਬਦ ਕੱਟ ਦੇਣਾ ਚਾਹੀਦਾ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ

ਅਲੱਾਹ ਅਨਹੁ ਨੂੰ ਫ਼ਰਮਾਇਆ ਕਿ ਇਸ ਸ਼ਬਦ ਨੂੰ ਮਿਟਾ ਦਿਓ, ਪਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਜੋ ਕਿ ਆਗਿਆਕਾਰੀ ਤੇ ਤਾਬਿਆਦਾਰੀ ਦੇ ਪੁੰਜ ਸਨ, ਉਹਨਾ ਦਾ ਮੰਨ ਕੰਬ ਉਠਿਆ, ਉਹਨਾ ਦੀਆਂ ਅਖੱਾਂ ਵਿੱਚ ਹੰਝੂ ਆ ਗਏ ਅਤੇ ਉਹਨਾ ਨੇ ਕਿਹਾ ਹੇ ਰਸੂਲੁਲੱਾਹ ਇਹ ਸ਼ਬਦ ਮੈਥੋਂ ਨਹੀਂ ਮਿਟਾਇਆ ਜਾਂਦਾ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਲਿਆਓ ਕਾਗ਼ਜ਼ ਮੈਨੂੰ ਦੇ ਦਿਓ ਅਤੇ ਕਾਗ਼ਜ਼ ਲੈਕੇ ਰਸੂਲੁਲੱਾਹ ਦਾ ਸ਼ਬਦ ਆਪਣੀ ਹੱਥੀਂ ਮਿਟਾ ਦਿਤੱਾ ।

ਖ਼ੈਬਰ ਦੀ ਜੰਗ ਮੌਕੇ ਖ਼ੈਬਰ ਦਾ ਸਰਦਾਰ ਮਰਹਬ ਆਪਣੀ ਤਲਵਾਰ ਲਹਿਰਾਉਂਦਿਆਂ ਹੋਇਆਂ ਨਿਕਲਿਆ ਅਤੇ ਉਹ ਕਹਿ ਰਿਹਾ ਸੀ ਕਿ ਖ਼ੈਬਰ ਜਾਣਦਾ ਹੈ ਕਿ ਮੈਂ ਮਰਹਬ ਹੱਥਿਆਰਬੰਦ ਬਹਾਦਰ ਦਲੇਰ ਤਜਰਬੇਕਾਰ ਹਾਂ । ਇਸ ਸਮੇਂ ਹਜ਼ਰਤ ਅਲੀ ਦੀਆਂ ਅਖੱਾਂ ਆਈਆਂ ਹੋਈਆਂ ਸਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਮੈਂ ਉਸ ਵਿਅਕਤੀ ਨੂੰ ਝੰਡਾ ਦਿਆਂਗਾ ਜੋ ਰੱਬ ਅਤੇ ਉਸ ਦੇ ਰਸੂਲ ਨਾਲ ਪ੍ਰੇਮ ਕਰਦਾ ਹੈ ਜਾਂ ਰੱਬ ਤੇ ਉਸਦੇ ਰਸੂਲ ਨਾਲ ਪ੍ਰੇਮ ਕਰਦੇ ਹਨ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾ ਦੀਆਂ ਅਖੱਾਂ ਵਿੱਚ ਆਪਣਾ ਲੁਆਬ (ਥੁੱਕ) ਲਾਇਆ, ਉਹ ਠੀਕ ਹੋ ਗਈਆਂ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਨੂੰ ਝੰਡਾ ਦਿਤੱਾ । ਮਰਹਬ ਨਿਕਲਿਆ ਅਤੇ ਉਸ ਨੇ ਕਿਹਾ ਕਿ ਖ਼ੈਬਰ ਜਾਣਦਾ ਹੈ ਕਿ ਮੈਂ ਮਰਹਬ ਹਾਂ ਹੱਥਿਆਰਬੰਦ ਬਹਾਦੁਰ ਤਜਰਬੇਕਾਰ ਜੱਦਕਿ ਜੰਗਾ ਅੰਗਿਆੜੇ ਭੜਕਾ ਰਹੀਆਂ ਹੁੰਦੀਆਂ ਹਨ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਕਿਹਾ ਕਿ ਮੇਰਾ ਨਾਂ ਮੇਰੀ ਮਾਂ ਨੇ ਹੈਦਰ ਰੱਖਿਆ ਹੈ ਭੈਭੀਤ ਕਰਨ ਕਰਨ ਵਾਲੇ ਸ਼ੇਰ ਵਾਂਗ ਜੋ ਜੰਗਲਾਂ ਵਿੱਚ ਹੁੰਦਾ ਹੈ । ਉਹਨਾ ਨੇ ਮਰਹਬ ਦੇ ਸਿਰ'ਤੇ ਸੱਟ ਮਾਰੀ ਅਤੇ ਉਸਨੂੰ ਮਾਰ ਮੁਕਾਇਆ । ਇਉਂ ਫਿਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਹਥੱਾਂ ਰਾਹੀਂ ਖ਼ੈਬਰ ਦੀ ਫ਼ਤਹ ਹੋਈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਸ ਜੰਗ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਇਕ ਉਧਾਰਣ ਬਹੁਤ ਇਮਾਨ ਵਿੱਚ ਵਾਧਾ ਕਰਨ ਵਾਲੀ ਹੈ । ਆਪ ਰਜ਼ੀ ਅਲੱਾਹ ਅਨਹੁ ਦਾ ਇਕ ਯਹੂਦੀ ਜਰਨੈਲ ਨਾਲ ਮੁਕਾਬਲਾ ਹੋਇਆ । ਅਖ਼ੀਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਉਸਨੂੰ ਢਾਹ ਲਿਆ ਅਤੇ ਉਸ ਦੀ ਹਿੱਕ'ਤੇ ਚੜ੍ਹਕੇ ਬਹਿ ਗਏ ਅਤੇ ਉਸਨੂੰ ਮਾਰ ਮੁਕਾਉਣ ਦਾ ਨਿਸ਼ਚਾ ਕੀਤਾ । ਐਨ੍ਹੇ ਵਿੱਚ ਉਸਨੇ ਆਪ ਦੇ ਮੂੰਹ'ਤੇ ਥੁਕ ਦਿਤੱਾ। ਇਸ'ਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਉਸ ਨੂੰ ਛਡੱਕੇ ਅੱਡ ਹੋ ਗਏ । ਇਸ'ਤੇ ਉਹ ਯਹੂਦੀ ਬਹੁਤ ਹੈਰਾਨ ਹੋਇਆ । ਉਸ ਨੇ ਹਜ਼ਰਤ ਅਲੀ ਨੂੰ ਪੁੱਛਿਆ ਕਿ ਆਪ ਮੈਨੂੰ ਛਡੱਕੇ ਅੱਡ ਕਿਉਂ ਹੋ ਗਏ । ਆਪ ਨੇ ਫ਼ਰਮਾਇਆ ਕਿ ਮੈਂ ਤੁਹਾਡੇ ਨਾਲ ਰੱਬ ਦੀ ਰਜ਼ਾ ਖ਼ਾਤਰ ਲੜ ਰਿਹਾ ਸੀ । ਪਰ ਜੱਦ ਤੂੰ ਮੇਰੇ ਮੂੰਹ'ਤੇ ਥੁੱਕ ਦਿਤੱਾ ਤਾਂ ਮੈਨੂੰ ਗੁਸੱਾ ਆ ਗਿਆ ਅਤੇ ਮੈਂ ਸਮਝਿਆ ਕਿ ਜੇਕਰ ਹੁਣ ਮੈਂ ਤੁਹਾਨੂੰ ਮਾਰ ਦਿਤੱਾ ਤਾਂ ਮੇਰਾ ਮਾਰਨਾ ਆਪਣੇ ਆਪੇ ਲਈ ਹੋਵੇਗਾ ਰੱਬ ਲਈ ਨਹੀਂ ਹੋਵੇਗਾ । ਇਸ ਲਈ ਮੈਂ ਤੁਹਾਨੂੰ ਛੱਡ ਦਿਤੱਾ ਕਿ ਮੇਰਾ ਗੁਸੱਾ ਖ਼ਤਮ ਹੋ ਜਾਏ ਅਤੇ ਮੇਰਾ ਤੁਹਾਨੂੰ ਮਾਰਨਾ ਮੇਰੇ ਆਪੇ ਲਈ ਨ ਰਹੇ । ਇਹ ਕਿੰਨ੍ਹੀ ਅਦਭੁੱਤ ਤੇ ਮਹਾਨ ਉਧਾਰਣ ਹੈ ।

ਹੁਨੈਨ ਦੀ ਜੰਗ ਸਮੇਂ ਜੋ ਸ਼ਵਾਲ ਅੱਠ ਹਿਜਰੀ ਵਿੱਚ ਹੋਈ । ਇਸ ਮੌਕੇ'ਤੇ ਮਹਾਜਰਾਂ ਦਾ ਝੰਡਾ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਕੋਲ ਸੀ । ਜੱਦ ਘਮਸਾਨ ਦਾ ਜੁੱਧ ਹੋਇਆ ਅਤੇ ਕੁਫ਼ੱਾਰ ਦੇ ਸਖ਼ਤ ਹਮਲਿਆ ਕਰਕੇ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਦੁਆਲੇ ਕੇਵਲ ਕੁਝ ਸਹਾਬੀ ਰਹਿ ਗਏ ਤਾਂ ਇਹਨਾ ਕੁਝ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਵੀ ਸ਼ਾਮਲ ਸਨ ।

ਤਬੂਕ ਦੀ ਜੰਗ ਜੋ 9 ਹਿਜਰੀ ਰਜਬ ਵਿੱਚ ਹੋਈ, ਇਸ ਬਾਰੇ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤਬੂਕ ਲਈ ਨਿਕਲੇ ਅਤੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਮਦੀਨੇ ਵਿੱਚ ਆਪਣਾ ਉਤੱਰਾਧਿਕਾਰੀ ਨਿਯੁਕਤ ਕੀਤਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਕਿਹਾ ਕੀ ਆਪ ਮੈਨੂੰ ਬੱਚਿਆਂ ਅਤੇ ਇਸਤਰੀਆਂ ਵਿੱਚ ਪਿੱਛੇ

ਛਡੱਕੇ ਜਾਂਦੇ ਹਨ । ਆਪ ਨੇ ਫ਼ਰਮਾਇਆ ਕੀ ਤੁਸੀਂ ਖ਼ੁਸ਼ ਨਹੀਂ ਹੁੰਦੇ ਕਿ ਤੁਹਾਡਾ ਸਥਾਨ ਮੇਰੇ ਨਾਲ ਉਹੋ ਹੈ ਜੋ ਹਾਰੂਨ ਦਾ ਮੂਸਾ ਨਾਲ ਸੀ ਪਰ ਇਹ ਗੱਲ ਹੈ ਕਿ ਮੇਰੇ ਬਾਦ ਕੋਈ ਨਬੀ ਨਹੀਂ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਨੂੰ ਦੱਸ ਹਿਜਰੀ ਵਿੱਚ ਯਮਨ ਵੱਲ ਭਿਜਵਾਇਆ । ਹਜ਼ਰਤ ਅਲੀ ਨੇ ਯਮਨ ਵਾਸੀਆਂ ਨੂੰ ਆਪ ਸਲਲੱਾਹੁ ਅਲੈਹਿ ਵਸਲੱਮ ਦਾ ਪਤੱਰ ਪੜ੍ਹਕੇ ਸੁਣਾਇਆ ਫਿਰ ਪੂਰੇ ਹਮਦਾਨ ਨੇ ਇਕ ਹੀ ਦਿਨ ਵਿੱਚ ਇਸਲਾਮ ਕੁਬੂਲ ਕਰ ਲਿਆਾ । ਇਸ ਦੇ ਬਾਦ ਯਮਨ ਵਾਸੀਆਂ ਨੇ ਵੀ ਇਸਲਾਮ ਕੁਬੂਲ ਕਰ ਲਿਆ । ਰਸੂਲੁਲੱਾਹ ਸਲਲੱਾਹੁ ਅਲਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਯਮਨ ਦਾ ਕਾਜ਼ੀ ਬਣਾਇਆ। ਆਪ ਨੇ ਫ਼ਰਮਾਇਆ ਨਿਸ਼ਚੇ ਹੀ ਅਲੱਾਹ ਤੇਰੇ ਦਿਲ ਨੂੰ ਅਵਸ਼ ਹਿਦਾਇਤ ਦੇਵੇਗਾ ਅਤੇ ਤੇਰੇ ਮੂੰਹ ਨੂੰ ਪੱਕਿਆਈ ਪ੍ਰਦਾਨ ਕਰੇਗਾ ਜੱਦ ਤੇਰੇ ਸਾਹਮਣੇ ਦੋ ਝਗੜਾ ਕਰਨ ਵਾਲੇ ਬੈਠਣ ਤਾਂ ਤੂੰ ਫ਼ੈਸਲਾ ਨ ਕਰਨਾ ਇੱਥੋਂ ਤੱਕ ਕਿ ਤੂੰ ਹੋਰਨਾ ਪਾਸਿਓਂ ਵੀ ਸੁਣ ਲਏਂ ਜਿਵੇਂ ਕਿ ਤੂੰ ਪਹਿਲਾਂ ਤੋਂ ਸੁਣਿਆ । ਅਜਿਹਾ ਕਰਨਾ ਇਸ ਗੱਲ ਦੇ ਬਹੁਤਾ ਨੇੜੇ ਹੈ ਕਿ ਤੇਰੇ ਲਈ ਫ਼ੈਸਲਾ ਸਪਸ਼ਟ ਹੋ ਜਾਏ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਇਸ ਦੇ ਬਾਦ ਮੈਂਨੂੰ ਫ਼ੈਸਲਾ ਕਰਨ ਵਿੱਚ ਕਦੇ ਕੋਈ ਸੰਦੇਹ ਨਹੀਂ ਹੋਇਆ ।

ਇਕ ਰਿਵਾਇਤ ਵਿੱਚ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਜਿਸ ਨੇ ਅਲੀ ਨੂੰ ਦੁੱਖ ਦਿਤੱਾ ਉਸ ਨੇ ਮੈਂਨੂੰ ਦੁੱਖ ਦਿਤੱਾ ।

ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੇ ਲੋਕੋ ! ਤੁਸੀਂ ਅਲੀ ਦੀ ਸ਼ਿਕਾਇਤ ਨ ਕਰੋ । ਰੱਬ ਦੀ ਸਹੁੰ ਉਹ ਰੱਬ ਦੇ ਵੁਜੂਦ ਤੋਂ ਬਹੁਤ ਡਰਨ ਵਾਲਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਵੀ ਮੈਂ ਦੁਆ ਵੱਲ ਧਿਆਨ ਦੁਆਉਂਣਾ ਚਾਹੁੰਦਾ ਹਾਂ । ਪਿਛੱਲੇ ਜੁਮਏ ਵਿੱਚ ਅਲਜਜ਼ਾਇਰ ਬਾਰੇ ਚਰਚਾ ਨਹੀਂ ਹੋਈ ਸੀ, ਉੱਥੇ ਵੀ ਅਹਮਦੀਆਂ ਦੇ ਬਹੁਤ ਸਖ਼ਤ ਹਾਲਾਤ ਹਨ ਅਤੇ ਕਈਆਂ ਨੂੰ ਕੈਦੀ ਵੀ ਬਣਾਇਆ ਗਿਆ ਹੈ । ਇਹਨਾ ਲਈ ਵੀ ਦੁਆ ਕਰੋ ਕਿ ਅਲੱਾਹ ਤਆਲਾ ਇਹਨਾ ਦੇ ਹਾਲਾਤ ਵੀ ਸੌਖੇ ਕਰ ਦੇਵੇ ਅਤੇ ਕੈਦ ਹੋਇਆਂ ਦੀ ਛੇਤੀ ਰਿਹਾਈ ਦੇ ਸਾਧਨ ਹੋਣ ਸਰਕਾਰ ਨੂੰ ਵੀ ਰੱਬ ਅਕਲ ਦੇਵੇ ਕਿ ਉਹ ਨਿਆਏ ਨਾਲ ਕੰਮ ਲੈਂਦਿਆਂ ਹੋਇਆਂ ਅਹਮਦੀਆਂ ਦੇ ਹੱਕ ਪੂਰੇ ਕਰਨ ਵਾਲੀ ਹੋਵੇ । ਇਸੇ ਪ੍ਰਕਾਰ ਪਾਕਿਸਤਾਨ ਲਈ ਵੀ ਦੁਆ ਕਰੋ ਕਿ ਜੇਕਰ ਇਹਨਾ ਮੌਲਵੀਆਂ ਤੇ ਅਫ਼ਸਰਾਂ ਦੇ ਮੁਕਦੱਰ ਇਹੋ ਹਨ ਕਿ ਉਹ ਇਸੇ ਪ੍ਰਕਾਰ ਕਰਦੇ ਰਹਿਣ ਅਤੇ ਰੱਬ ਦੀ ਪਕੜ ਵਿੱਚ ਆਉਣ ਤਾਂ ਫਿਰ ਰੱਬ ਛੇਤੀ ਇਹਨਾ ਦੀ ਪਕੜ ਦੇ ਸਾਧਨ ਪੈਦਾਂ ਕਰੇ ਅਤੇ ਅਹਮਦੀਆਂ ਲਈ ਆਸਾਨੀਆਂ ਪੈਦਾ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਰਸ਼ੀਦ ਅਹਮਦ ਮਰਹੂਮ ਆਫ਼ ਪਾਕਿਸਤਾਨ ਦਾ ਜ਼ਿਕਰੇ ਖ਼ੈਰ ਕੀਤਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّآ اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم الله اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ
ذِی الْقُرْبٰی وَيَنْهٰی عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 11.12.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131